media release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ, ਘਰੇਲੂ ਹਿੰਸਾ ਖ਼ਤਮ ਕਰਨ ਲਈ ਜਨਤਕ ਸਿੱਖਿਆ ਅਤੇ ਸੁਚੇਤਤਾ ਮੁਹਿੰਮ ਤਿਆਰ ਕਰਨ ਲਈ ਭਾਈਵਾਲ ਲੱਭ ਰਹੀ ਹੈ

ਬ੍ਰੈਂਪਟਨ, ਓਨਟੈਰੀਓ (29 ਜਨਵਰੀ, 2020) – ਅੱਜ, ਆਪਣੀ ਕਮੇਟੀ ਆਫ ਕਾਊਂਸਿਲ (Committee of Council) ਮੀਟਿੰਗ ਵਿੱਚ, ਬ੍ਰੈਂਪਟਨ ਸਿਟੀ ਕਾਊਂਸਿਲ (Brampton City Council) ਨੇ ਰੀਜਨਲ ਕਾਊਂਸਲਰ ਰੋਏਨਾ ਸੈਨਟੋਸ ਵੱਲੋਂ ਪੇਸ਼ ਕੀਤੇ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ। ਇਹ ਪ੍ਰਸਤਾਵ, ਬ੍ਰੈਂਪਟਨ ਅਤੇ ਪੀਲ ਰੀਜਨ (Peel Region) ਵਿੱਚ ਘਰੇਲੂ ਹਿੰਸਾ ਨੂੰ ਖ਼ਤਮ ਕਰਨ ਵਾਸਤੇ ਜਨਤਕ ਸਿੱਖਿਆ ਅਤੇ ਸੁਚੇਤਤਾ ਮੁਹਿੰਮ ਤਿਆਰ ਕਰਨ ਲਈ, ਪੀਲ ਰੀਜਨਲ ਪੁਲਿਸ (Peel Regional Police), ਰੀਜਨ ਆਫ ਪੀਲ (Region of Peel) ਅਤੇ ਭਾਈਚਾਰਕ ਸੰਗਠਨਾਂ ਨਾਲ ਸਹਿਯੋਗ ਜਾਰੀ ਰੱਖਣ ਲਈ ਹੈ।

ਸਤੰਬਰ 2019 ਵਿੱਚ, ਬ੍ਰੈਂਪਟਨ ਸਿਟੀ ਕਾਊਂਸਿਲ ਨੇ ਸਰਬਸੰਮਤੀ ਨਾਲ ਇੱਕ ਪ੍ਰਸਤਾਵ ਪਾਸ ਕੀਤਾ ਸੀ। ਇਹ ਪ੍ਰਸਤਾਵ, ਰੀਜਨ ਆਫ ਪੀਲ ਦੇ ਅਜਿਹੇ ਮੌਜੂਦਾ ਪ੍ਰੋਗਰਾਮਾਂ ਨੂੰ ਸਹਿਯੋਗ ਕਰਨ ਅਤੇ ਉਹਨਾਂ ਨਾਲ ਕੰਮ ਜਾਰੀ ਰੱਖਣ ਲਈ ਸੀ, ਜੋ ਘਰੇਲੂ ਹਿੰਸਾ ਤੋਂ ਪ੍ਰਭਾਵਿਤ ਲੋਕਾਂ ਨੂੰ ਸੇਵਾਵਾਂ ਮੁਹੱਈਆ ਕਰਦੇ ਹਨ। ਇਹਨਾਂ ਵਿੱਚ ਸ਼ਾਮਲ ਹਨ, ਪੀਲ ਕਮੇਟੀ ਅਗੇਂਸਟ ਵੂਮੈਨ ਅਬਿਊਜ (ਪੀ.ਸੀ.ਏ.ਡਬਲਯੂ.ਏ.) (Peel Committee Against Woman Abuse) (PCAWA), ਸੇਫ ਸੈਂਟਰ ਆਫ ਪੀਲ (Safe Centre of Peel) ਅਤੇ ਵਿਕਟਿਮ ਸਰਵਿਸਿਜ ਆਫ ਪੀਲ (Victim Services of Peel)।

ਪਿਛਲੇ ਸਾਲ, 100 ਤੋਂ ਵੱਧ ਨਿਵਾਸੀਆਂ, ਸਿਟੀ ਦੇ ਸਟਾਫ਼ ਅਤੇ ਨਿਰਵਾਚਿਤ ਅਧਿਕਾਰੀਆਂ ਨੇ ਸਿਟੀ ਹਾਲ (City Hall) ਵਿੱਚ ਪੀ.ਸੀ.ਏ.ਡਬਲਯੂ.ਏ. (PCAWA) ਵੱਲੋਂ ਸੰਚਾਲਿਤ ਇੱਕ ਕਾਰਜਕਰਮ, *ਟੇਕ ਬੈਕ ਦ ਨਾਈਟ (Take Back the Night)* ਵਿੱਚ ਹਿੱਸਾ ਲਿਆ ਸੀ।

ਸਿਟੀ ਆਫ ਬ੍ਰੈਂਪਟਨ, ਰੀਜਨ ਆਫ ਪੀਲ ਵੱਲੋਂ ਸੰਚਾਲਿਤ ਕਮਿਊਨਿਟੀ ਸੇਫਟੀ ਐਂਡ ਵੈਲ-ਬੀਇੰਗ ਸਿਸਟਮ ਲੀਡਰਸ਼ਿਪ ਟੇਬਲ (Community Safety and Well-being System Leadership Table) ਵਿੱਚ ਹਿੱਸਾ ਲੈਂਦੀ ਹੈ। ਸਿਸਟਮ ਲੀਡਰਸ਼ਿਪ ਟੇਬਲ, ਅਜਿਹੀਆਂ ਕਾਰਜਨੀਤੀਆਂ ਵਿਕਸਿਤ ਅਤੇ ਲਾਗੂ ਕਰਨ ਤੇ ਕੇਂਦਰਿਤ ਹੈ, ਜੋ ਸਮੱਸਿਆਵਾਂ ਦੇ ਅਜਿਹੇ ਮੂਲ ਕਾਰਨਾਂ ਦਾ ਪਤਾ ਲਗਾਉਂਦੀਆਂ ਹਨ, ਜਿਹਨਾਂ ਦਾ ਰੀਜਨ ਆਫ ਪੀਲ ਵਿੱਚ ਰਹਿਣ ਵਾਲੇ ਭਾਈਚਾਰਿਆਂ ਦੀ ਸੁਰੱਖਿਆ ਅਤੇ ਸਿਹਤ ਤੇ ਨਕਾਰਾਤਮਕ ਅਸਰ ਪੈਂਦਾ ਹੈ। ਵੱਡੇ ਸਮੂਹ ਦੇ ਅੰਦਰ, ਘਰੇਲੂ ਹਿੰਸਾ ਸਮੇਤ, ਪਰਿਵਾਰਕ ਹਿੰਸਾ ਦੀ ਗੁੰਝਲਦਾਰ ਸਮੱਸਿਆ ਤੇ ਧਿਆਨ ਦੇਣ ਲਈ, ਫੈਮਿਲੀ ਵਾਇਲੈਂਸ ਐਕਸ਼ਨ ਟੇਬਲ (Family Violence Action Table) ਸਮਰਪਿਤ ਕੀਤਾ ਗਿਆ ਹੈ।

ਪੀਲ ਰੀਜਨਲ ਪੁਲਿਸ, ਬ੍ਰੈਂਪਟਨ ਦੇ ਨਿਵਾਸੀਆਂ ਲਈ ਕਈ ਤਰ੍ਹਾਂ ਦੀ ਜਾਣਕਾਰੀ ਅਤੇ ਸਥਾਨਕ ਵਸੀਲੇ (variety of information and local resources) ਮੁਹੱਈਆ ਕਰਦੀ ਹੈ। ਇਹਨਾਂ ਵਿੱਚ ਸ਼ਾਮਲ ਹਨ: ਮਦਦ ਲੈਣ ਲਈ ਸੁਰੱਖਿਅਤ ਥਾਵਾਂ, ਸ਼ੈਲਟਰ, ਭਾਈਚਾਰਕ ਕਾਊਂਸਲਿੰਗ, ਪ੍ਰੋਗਰਾਮ ਅਤੇ ਸਹਿਯੋਗ ਡਿਵਾਈਸਾਂ, ਕਨੂੰਨੀ ਵਸੀਲੇ ਅਤੇ ਬੱਚਿਆਂ ਅਤੇ ਬਜ਼ੁਰਗਾਂ ਲਈ ਸਹਿਯੋਗ।

5 ਫਰਵਰੀ, 2020 ਨੂੰ ਕਾਊਂਸਿਲ ਦੀ ਮਨਜ਼ੂਰੀ ਤੋਂ ਬਾਅਦ, ਸਿਟੀ ਇਸ ਮੁਹਿੰਮ ਨੂੰ ਅੱਗੇ ਵਧਾਉਣ ਲਈ ਅਤੇ ਘਰੇਲੂ ਹਿੰਸਾ ਨੂੰ ਖ਼ਤਮ ਕਰਨ ਅਤੇ ਸਾਰਿਆਂ ਲਈ ਇੱਕ ਵੱਧ ਸੁਰੱਖਿਅਤ ਸ਼ਹਿਰ ਬਣਾਉਣ ਲਈ, ਸਥਾਨਕ ਸਟੇਕਹੋਲਡਰਾਂ ਨਾਲ ਮਿਲ ਕੇ ਕੰਮ ਕਰੇਗੀ, ਇਹਨਾਂ ਵਿੱਚ ਸ਼ਾਮਲ ਹਨ, ਰੀਜਨ ਆਫ ਪੀਲ, ਪੀਲ ਰੀਜਨਲ ਪੁਲਿਸ ਅਤੇ ਭਾਈਚਾਰਕ ਸੰਗਠਨ।

BRAMPTON Flower City
brampton.ca

media release

**ਹਵਾਲੇ**

"ਘਰੇਲੂ ਹਿੰਸਾ ਨੂੰ ਖ਼ਤਮ ਕਰਨਾ, ਬ੍ਰੈਂਪਟਨ ਸਿਟੀ ਕਾਉਂਸਿਲ ਲਈ ਮਹੱਤਵਪੂਰਣ ਹੈ। ਕਿਉਂਕਿ ਕਾਉਂਸਿਲ ਇੱਕ ਸਿਹਤਮੰਦ ਅਤੇ ਸੁਰੱਖਿਅਤ ਭਾਈਚਾਰੇ ਦੇ ਨਿਰਮਾਣ ਲਈ ਕੰਮ ਕਰਦੀ ਹੈ, ਇਸਲਈ ਅਸੀਂ ਘਰੇਲੂ ਹਿੰਸਾ ਦੇ ਪ੍ਰਤੀ ਜਨਤਕ ਸੁਚੇਤਤਾ ਵਧਾਉਣ, ਅਜਿਹੀਆਂ ਘਟਨਾਵਾਂ ਦੀ ਰਿਪੋਰਟ ਕਰਨ ਨੂੰ ਉਤਸ਼ਾਹਿਤ ਕਰਨ ਅਤੇ ਬ੍ਰੈਂਪਟਨ ਦੇ ਨਿਵਾਸੀਆਂ ਦੇ ਭਾਵਨਾਤਮਕ ਅਤੇ ਆਰਥਿਕ ਸ਼ੋਸ਼ਣ ਦਾ ਮੁਕਾਬਲਾ ਕਰਨ ਲਈ ਰੀਜਨ ਅਤੇ ਪੀਲ ਰੀਜਨਲ ਪੁਲਿਸ ਵਿੱਚ ਸਾਡੇ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਨ ਦੇ ਹੋਰ ਯਤਨ ਕਰ ਸਕਦੇ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਘਰੇਲੂ ਹਿੰਸਾ, ਬ੍ਰੈਂਪਟਨ ਵਿੱਚ ਭਾਈਚਾਰੇ ਵਿੱਚ ਸੁਰੱਖਿਆ ਸਬੰਧੀ ਵਧਦੀ ਚਿੰਤਾ ਹੈ। ਘਰੇਲੂ ਹਿੰਸਾ ਦਾ ਮੁਕਾਬਲਾ ਕਰਨ ਵਿੱਚ ਭਾਈਵਾਲ ਦੇ ਤੌਰ ਤੇ, ਸਿੱਖਿਆ ਅਤੇ ਸੁਚੇਤਤਾ ਇਸ ਸਮੱਸਿਆ ਨਾਲ ਨਿਪਟਣ ਲਈ ਮੁੱਖ ਸੰਚਾਲਨ ਕਾਰਜਨੀਤੀਆਂ ਹਨ। ਇਸ ਕਰਕੇ ਹੀ ਅਸੀਂ ਜਨਤਕ ਸੁਚੇਤਤਾ ਮੁਹਿੰਮ ਨੂੰ ਅੱਗੇ ਵਧਾਉਣ ਲਈ ਵਸੀਲਿਆਂ ਤੇ ਧਿਆਨ ਦੇ ਰਹੇ ਹਾਂ। ਘਰੇਲੂ ਹਿੰਸਾ ਨਾਲ ਸਬੰਧਤ ਸ਼ੋਸ਼ਣ ਅਤੇ ਮੌਤਾਂ ਬੇਹੱਦ ਪਰੇਸ਼ਾਨ ਕਰਨ ਵਾਲੀਆਂ ਘਟਨਾਵਾਂ ਹਨ ਅਤੇ ਪੂਰੀ ਤਰ੍ਹਾਂ ਅਨੁਚਿਤ ਹਨ। ਅਸੀਂ ਸਾਰਿਆਂ ਨੂੰ ਵਿਸਤਾਰ ਨਾਲ ਦੱਸਣਾ ਚਾਹੁੰਦੇ ਹਾਂ ਕਿ ਉਹ ਕਿੱਥੋਂ ਸਹਿਯੋਗ ਪ੍ਰਾਪਤ ਕਰ ਸਕਦੇ ਹਨ।"

- *ਰੋਏਨਾ ਸੈਨਟੋਸ (Rowena Santos), ਚੇਅਰ, ਕਮਿਊਨਿਟੀ ਸਰਵਿਸਿਜ; ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਸਿਟੀ ਆਫ ਬ੍ਰੈਂਪਟਨ*

"ਮੈਨੂੰ ਲੱਗਦਾ ਹੈ ਕਿ ਸੁਚੇਤਤਾ ਵਧਾਉਣ ਅਤੇ ਸਮੂਹਿਕ ਰੂਪ ਨਾਲ ਉਹਨਾਂ ਔਰਤਾਂ ਦੀ ਰੱਖਿਆ ਕਰਨ ਵਾਸਤੇ, ਭਾਈਚਾਰਕ ਸੰਗਠਨਾਂ ਨਾਲ ਭਾਈਵਾਲੀ ਕਰਨਾ ਸਿਟੀ ਆਫ ਬ੍ਰੈਂਪਟਨ ਲਈ ਜ਼ਰੂਰੀ ਹੈ, ਜੋ ਘਰੇਲੂ ਹਿੰਸਾ ਦਾ ਸ਼ਿਕਾਰ ਬਣ ਸਕਦੀਆਂ ਹਨ।"

- *ਬਲਦੇਵ ਮੁੱਟਾ (Baldev Mutta), ਚੀਫ ਐਗਜ਼ੀਕਿਉਟਿਵ ਅਫਸਰ, ਪੰਜਾਬੀ ਕਮਿਊਨਿਟੀ ਹੈਲਥ ਸਰਵਿਸਿਜ*

"ਹਰ ਕੋਈ ਹਿੰਸਾ ਮੁਕਤ ਜ਼ਿੰਦਗੀ ਜਿਓਣ ਦਾ ਹੱਕਦਾਰ ਹੈ। ਸਾਡੇ ਭਾਈਚਾਰੇ ਵਿੱਚ ਔਰਤਾਂ ਅਤੇ ਉਹਨਾਂ ਦੇ ਬੱਚਿਆਂ ਦੀਆਂ ਜ਼ਿੰਦਗੀਆਂ ਵਿੱਚ ਹਿੰਸਾ ਨੂੰ ਖ਼ਤਮ ਕਰਨ ਵਿੱਚ ਅਸੀਂ ਸਾਰੇ ਮਹੱਤਵਪੂਰਣ ਭੂਮਿਕਾ ਨਿਭਾ ਸਕਦੇ ਹਾਂ।"

- *ਸ਼ੇਰੋਨ ਫਲੋਇਡ (Sharon Floyd), ਐਗਜ਼ੀਕਿਉਟਿਵ ਡਾਇਰੈਕਟਰ, ਇੰਟਰਿਮ ਪਲੇਸ*

"ਸਿਟੀ ਆਫ ਬ੍ਰੈਂਪਟਨ ਦਾ ਸਟਾਫ਼, ਘਰੇਲੂ ਹਿੰਸਾ ਖ਼ਤਮ ਕਰਨ ਲਈ ਇਸ ਮਹੱਤਵਪੂਰਣ ਉਦੇਸ਼ ਲਈ ਅਤੇ ਸਥਾਨਕ ਸਟੇਕਹੋਲਡਰਾਂ ਨਾਲ ਸਹਿਯੋਗ ਜਾਰੀ ਰੱਖਣ ਲਈ ਹਮੇਸ਼ਾ ਵਚਨਬੱਧ ਰਹੇਗਾ। ਕਿਉਂਕਿ ਅਸੀਂ ਭਾਈਚਾਰੇ ਅਤੇ ਸਾਡੇ ਰੀਜਨਲ ਅਤੇ ਲਾਅ ਐਨਫੋਰਸਮੈਂਟ ਭਾਈਵਾਲਾਂ ਦੇ ਨਾਲ ਮਿਲ ਕੇ ਇਹ ਜਨਤਕ ਸਿੱਖਿਆ ਅਤੇ ਸੁਚੇਤਤਾ ਮੁਹਿੰਮ ਤਿਆਰ ਕਰ ਰਹੇ ਹਾਂ, ਅਸੀਂ ਕਮਿਉਨਿਟੀ ਸੇਫਟੀ ਐਂਡ ਵੈਲ-ਬੀਇੰਗ ਸਿਸਟਮ ਲੀਡਰਸ਼ਿਪ ਟੇਬਲ ਦੁਆਰਾ, ਪਹਿਲਾਂ ਹੀ ਹੋ ਰਹੇ ਮਹੱਤਵਪੂਰਣ ਕੰਮ ਨੂੰ ਅੱਗੇ ਵਧਾ ਰਹੇ ਹਾਂ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ

BRAMPTON Flower City brampton.ca

media release

ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca